**ਦਫਤਰ ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ, ਮੋਹਾਲੀ**
**ਬਲਾਕ-ਈ, ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਛੇਵੀਂ ਮੰਜਿਲ, ਫੇਜ਼-8, ਮੋਹਾਲੀ**
**ਫੋਨ ਨੰ. 0172-2212221**

ਵੱਲ :-

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.),ਪੰਜਾਬ
ਸਮੂਹ ਪ੍ਰਿੰਸੀਪਲ ਡਾਇਟ
ਸਮੂਹ ਡੀ.ਐਮ. ਗਣਿਤ ਅਤੇ ਬੀ.ਐਮ. ਗਣਿਤ
ਸਮੂਹ ਸਕੂਲ ਮੁੱਖੀ (ਵੈਬਸਾਈਟ ਰਾਹੀਂ)
ਸਮੂਹ ਮੈਥ ਪੜ੍ਹਾਉਂਦੇ ਅਧਿਆਪਕ (ਵੈਬਸਾਈਟ ਰਾਹੀਂ)

ਮੀਮੋ ਨੰ. SCERT-file OP/UP/2014

ਮਿਤੀ :- 31.10.2017

**ਵਿਸ਼ਾ:** ਸਕੂਲ ਪੱਧਰ ਤੇ ਗਣਿਤ ਮੇਲਾ ਕਰਵਾਉਣ ਸਬੰਧੀ।

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਜਿਵੇਂ ਕਿ ਆਪ ਜੀ ਨੂੰ ਪਤਾ ਹੈ ਕਿ ਮਾਣਯੋਗ ਸਕੱਤਰ ਸਕੂਲ ਸਿੱਖਿਆ, ਪੰਜਾਬ ਜੀ ਦੇ ਨਿਰਦੇਸ਼ਾਂ ਹਿੱਤ "ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ-ਗਣਿਤ" ਪ੍ਰੋਗਰਾਮ ਤਹਿਤ ਸਮੂਹ ਸਕੂਲਾਂ ਵਿੱਚ ਗਣਿਤ ਵਿਸ਼ੇ ਦੇ ਗੁਣਾਤਮਕ ਸੁਧਾਰ ਲਈ ਪ੍ਰੋਗਰਾਮ ਚਲਾਇਆ ਜਾ ਰਿਹਾ ਹੈ।ਜਿਸ ਤਹਿਤ ਮਿਤੀ 11.10.2017 ਤੋਂ ਲਗਾਤਾਰ ਸਮੂਹ ਮਿਡਲ/ਹਾਈ/ਸੀ.ਸੈਕੰਡਰੀ ਸਕੂਲ ਵਿੱਚ ਮੈਥ ਪੜ੍ਹਾਉਂਦੇ ਅਧਿਆਪਕਾਂ ਨੂੰ ਤਿੰਨ ਰੋਜਾ ਟ੍ਰੇਨਿੰਗ ਦਿੱਤੀ ਜਾ ਰਹੀ ਹੈ।ਜਿਸਦੇ ਤਿੰਨ ਫੇਜ਼ ਮੁਕੰਮਲ ਹੋ ਚੁੱਕੇ ਹਨ।ਇਸ ਪ੍ਰੋਗਰਾਮ ਦੇ ਅਗਲੇ ਪੜਾਅ ਵਿੱਚ ਮਿਤੀ 06.11.2017 ਤੋਂ ਸਮੂਹ ਸਰਕਾਰੀ ਸਕੂਲਾਂ ਵਿੱਚ ਸਕੂਲ ਪੱਧਰ ਤੇ ਗਣਿਤ ਮੇਲੇ ਕਰਵਾਉਣ ਦਾ ਪ੍ਰੋਗਰਾਮ ਸ਼ੁਰੂ ਕੀਤਾ ਜਾ ਰਿਹਾ ਹੈ।ਜਿਸ ਲਈ ਹੇਠ ਲਿਖੇ ਅਨੁਸਾਰ Pre-Fair ਅਤੇ Math Fair ਦਾ ਸ਼ਡਿਊਲ ਜਾਰੀ ਕੀਤਾ ਜਾ ਰਿਹਾ ਹੈ :-

| ਮਿਤੀ /ਫੇਜ਼/ਸਥਾਨ | Pre Fair ਦਾ ਸਮਾਂ (ਅਧਿਆਪਕਾਂ ਦੀ ਦੇਖ-ਰੇਖ ਵਿੱਚ ਵਿਦਿਆਰਥੀਆਂ ਨੂੰ ਮਾਡਲ/ਕ੍ਰਿਆਵਾਂ ਦੀ ਤਿਆਰੀ ਕਰਵਾਉਣ ਦਾ ਸਮਾਂ) | Math Fair |
|---|---|---|
| ਮਿਤੀ . 06.11.2017 ਤੋਂ 10.11.2017 (ਫੇਜ਼-1) | 4 days (ਲਗਾਤਾਰ ਕੰਮ ਵਾਲੇ ਦਿਨ) | ਪੰਜਵੇਂ ਦਿਨ |
| ਮਿਤੀ . 13.11.2017 ਤੋਂ 18.11.2017 (ਫੇਜ਼-2) | 4 days (ਲਗਾਤਾਰ ਕੰਮ ਵਾਲੇ ਦਿਨ) | ਪੰਜਵੇ ਦਿਨ |
| ਮਿਤੀ . 20.11.2017 ਤੋਂ 25.11.2017 (ਫੇਜ਼-3) | 4 days (ਲਗਾਤਾਰ ਕੰਮ ਵਾਲੇ ਦਿਨ) | ਪੰਜਵੇਂ ਦਿਨ |
| ਸਥਾਨ | ਸਕੂਲ ਕੈਂਪਸ | |
| ਸਕੂਲ **Participants** | ਛੇਵੀਂ, ਸੱਤਵੀਂ ਅਤੇ ਅੱਠਵੀਂ ਦੇ ਸਾਰੇ ਵਿਦਿਆਰਥੀ ਅਤੇ ਮੈਥ ਪੜ੍ਹਾਉਂਦੇ ਅਧਿਆਪਕ | |

3.0 ਇਸ ਪ੍ਰੋਗਰਾਮ ਦੇ ਸਫਲ ਸੰਚਾਲਨ ਅਤੇ ਸਕਰਾਤਮਕ ਨਤੀਜਿਆਂ ਲਈ ਸਕੂਲ ਮੁੱਖੀ ਆਪਣੇ ਸਕੂਲ ਵਿੱਚ ਗਣਿਤ ਮੇਲਾ ਕਰਵਾਉਣ ਦੀ ਪਲੈਨਿੰਗ ਆਪਣੀ ਦੇਖ ਰੇਖ ਵਿੱਚ ਕਰਣਗੇ।ਇਸ ਲਈ ਉਪਰੋਕਤ 20 ਦਿਨਾਂ ਦੇ Buffer time ਵਿੱਚੋਂ ਕਿਸੇ ਇਕ ਫੇਜ਼ ਵਿੱਚ ਮੈਥ ਪੜ੍ਹਾ ਰਹੇ ਅਧਿਆਪਕ ਜਾਂ ਅਧਿਆਪਕਾਂ ਦੀ ਟੀਮ ਲਈ 4 ਲਗਾਤਰ ਵਰਕਿੰਗ ਦਿਨਾਂ ਦਾ (with in school timetable, ਕੋਈ ਲਗਾਤਾਰ ਤਿੰਨ ਪੀਰੀਅਡ) ਸਮਾਂ ਨਿਸ਼ਚਿਤ ਕਰ ਸਕਦੇ ਹਨ। ਪੰਜਵੇਂ ਦਿਨ ਗਣਿਤ ਮੇਲਾ ਆਯੋਜਿਤ ਕੀਤਾ ਜਾਵੇ।ਗਣਿਤ ਮੇਲੇ ਲਗਾਉਣ ਲਈ ਹੇਠ ਲਿਖੀਆਂ ਕੁੱਝ ਗੱਲਾਂ ਤੇ ਧਿਆਨ ਦਿੱਤਾ ਜਾਵੇ :-

1.0 ਗਣਿਤ ਮੇਲੇ ਵਿੱਚ ਛੇਵੀਂ, ਸੱਤਵੀਂ ਅਤੇ ਅੱਠਵੀਂ ਜਮਾਤਾਂ ਦੇ ਹਰ ਇਕ ਵਿਦਿਆਰਥੀ ਦਾ ਭਾਗ ਲੈਣਾ ਲਾਜ਼ਮੀ ਹੋਵੇਗਾ।

1.1 ਵਿਦਿਆਰਥੀਆਂ ਦੀ ਗਿਣਤੀ ਮੁਤਾਬਿਕ ਵਿਦਿਆਰਥੀਆਂ ਦੇ ਗਰੁੱਪ ਬਣਾਏ ਜਾਣ, ਹਰੇਕ ਗਰੁੱਪ ਵਿੱਚ ਇੱਕ ਛੇਵੀਂ, ਇੱਕ ਸੱਤਵੀਂ ਅਤੇ ਇੱਕ ਅੱਠਵੀਂ ਦੇ ਵਿਦਿਆਰਥੀ ਦਾ ਹੋਣਾ ਲਾਜਮੀ ਹੈ।

1.2 ਹਰੇਕ ਵਿਦਿਆਰਥੀ-ਗਰੁੱਪ ਵਲੋਂ ਤਿਆਰ ਕੀਤੀ ਕਿਰਿਆ ਜਾ ਮਾਡਲ, ਸਾਰੇ ਵਿਦਿਆਰਥੀ-ਗਰੁੱਪਾਂ ਨਾਲ ਸਾਂਝੇ ਕੀਤੇ ਜਾਣ।

2) ਗਣਿਤ ਮੇਲਾ ਸਿਰਫ ਤੇ ਸਿਰਫ ਸਕੂਲ ਪੱਧਰ ਤੇ ਹੋਵੇਗਾ ਅਤੇ ਸਕੂਲ ਕੈਂਪਸ ਵਿੱਚ ਹੀ ਲਗਾਇਆ ਜਾਵੇ।

3) ਗਣਿਤ ਮੇਲੇ ਵਾਲੇ ਦਿਨ ਸਕੂਲ ਮੁੱਖੀ ਵਿਦਿਆਰਥੀਆਂ ਦੇ ਮਾਪਿਆਂ, ਪਿੰਡ ਦੇ ਪਤਵੰਤੇ ਸੱਜਣ, ਐਸ.ਐਮ.ਸੀ .ਕਮੇਟੀ ਦੇ ਮੈਂਬਰ, ਨੇੜੇ ਦੇ ਦੂਸਰੇ ਸਕੂਲਾਂ ਅਤੇ ਆਪਣੇ ਸਕੂਲ ਦੀਆਂ ਦੂਸਰੀ ਜਮਾਤਾਂ ਦੇ ਵਿਦਿਆਰਥੀਆਂ ਨੂੰ ਮੇਲਾ ਵੇਖਣ ਲਈ ਕਹੇਗਾ।

4) ਪ੍ਰੀ-ਫੇਅਰ ਦੌਰਾਨ ਸਕੂਲ ਮੁੱਖੀ, ਸਕੂਲ ਦੇ ਮੈਥ ਪੜਾਉਣ ਵਾਲੇ ਅਧਿਆਪਕਾਂ ਦੀ ਅਤੇ ਦੂਸਰੇ ਅਧਿਆਪਕ (ਜਿਵੇਂ ਕਿ ਸਾਇੰਸ/ਕੋਈ ਹੋਰ ਵਿਸ਼ਾ) ਦੀ ਇੱਕ ਟੀਮ ਬਣਾਕੇ, ਰੋਜਾਨਾ 4 ਲਗਾਤਾਰ ਦਿਨ ਨਿਸ਼ਚਿਤ ਸਮੇਂ ਵਿੱਚ ਵਿਦਿਆਰਥੀਆਂ ਨੂੰ ਗਣਿਤ ਮੇਲੇ ਲਈ selected ਗਤੀਵਿਧੀਆਂ/activities ਨੂੰ ਬਣਾਉਣ ਦਾ ਸਮਾਂ ਦੇਣਗੇ। ਇਹ ਕੰਮ ਸਕੂਲ ਮੁੱਖੀ ਆਪਣੀ ਦੇਖ ਰੇਖ ਵਿੱਚ ਕਰਵਾਉਣਗੇ।

5) ਪ੍ਰੀ-ਫੇਅਰ ਦੌਰਾਨ ਵਿਦਿਆਰਥੀਆਂ ਨੂੰ ਲੋੜੀਂਦਾ ਸਮਾਨ ਮੁਹੱਈਆ ਕਰਵਾਇਆ ਜਾਵੇ। ਜਿਸ ਲਈ ਹੈੱਡ ਆਫਿਸ ਵਲੋਂ ਪਹਿਲਾਂ ਖਰਚ ਕਰਨ ਵਾਲੀ ਰਾਸ਼ੀ ਦੀ ਹਦਾਇਤਾਂ/ਗ੍ਰਾਂਟ ਜਾਰੀ ਕਰ ਦਿੱਤੀ ਗਈ ਹੈ ਜੀ।

6) ਪ੍ਰੀ-ਫੇਅਰ ਦੌਰਾਨ ਵਿਦਿਆਰਥੀ ਆਪਣੀ ਗਣਿਤ ਪਾਠ ਪੁਸਤਕਾਂ ਅਤੇ ਰਫ਼ ਕਾਪੀ ਜਰੂਰ ਲੈ ਕੇ ਆਉਣ,ਕਿਉਂਕਿ ਕਿਰਿਆਵਾਂ/activities, ਪਾਠ ਪੁਸਤਕ ਨਾਲ ਸਬੰਧਤ ਹਨ ਅਤੇ ਵਿਦਿਆਰਥੀ ਨੂੰ ਸੰਕਲਪ ਸਮਝਣ ਲਈ ਕਿਤਾਬ ਪੜ੍ਹਨ ਅਤੇ ਕਾਪੀ ਤੇ ਨੋਟ ਕਰਨ ਵਿੱਚ ਰੁਚੀ ਪੈਦਾ ਹੋ ਸਕੇ।

7) ਗਣਿਤ ਮੇਲੇ ਦੌਰਾਨ ਵਿਦਿਆਰਥੀ, ਮੇਲਾ ਵੇਖਣ ਆਉਣ ਵਾਲਿਆਂ ਨੂੰ ਪੂਰੀ ਤਰ੍ਹਾਂ ਆਪਣੇ ਮਾਡਲ/ਕਿਰਿਆਵਾਂ ਤੋਂ ਜਾਣੂ ਕਰਵਾਉਣਗੇ, ਇਸ ਲਈ ਅਧਿਆਪਕ ਸਾਹਿਬਾਨ ਵਿਦਿਆਰਥੀਆਂ ਦੀ ਤਿਆਰੀ ਕਰਵਾਉਣਗੇ।

8) ਮੇਲੇ ਵਾਲੇ ਦਿਨ ਵਿਦਿਆਰਥੀਆਂ ਦੇ ਹਰ ਇੱਕ ਗਰੁੱਪ ਨੂੰ ਆਪਣੀ ਕਿਰਿਆਵਾਂ/ਮਾਡਲ ਦਿਖਾਉਣ ਲਈ ਸਕੂਲ ਵਿੱਚ ਉਪਲੱਬਧ ਬੈਂਚ/ਮੇਜ਼ ਆਦਿ ਮੁਹੱਈਆ ਕਰਵਾਇਆ ਜਾਵੇ। ਇਸ ਲਈ ਕੋਈ ਵਾਧੂ ਖਰਚਾ ਨਾ ਕੀਤਾ ਜਾਵੇ।

9) ਗਣਿਤ ਮੇਲੇ ਵਾਲੇ ਦਿਨ ਰੰਗੋਲੀ ਆਦਿ ਵੀ ਗਣਿਤਿਕ ਬਣਾਈ ਜਾਵੇ। ਧਿਆਨ ਰੱਖਿਆ ਜਾਵੇ ਕਿ ਗਣਿਤ ਮੇਲੇ ਵਿੱਚ ਅਪਰ-ਪ੍ਰਾਇਮਰੀ ਜਮਾਤਾਂ ਦਾ ਹਰ ਇਕ ਵਿਦਿਆਰਥੀ ਕਿਸੇ ਨਾ ਕਿਸੇ activity ਵਿੱਚ ਭਾਗ ਜਰੂਰ ਲਵੇ।

10) ਗਣਿਤ ਮੇਲੇ ਵਿੱਚ ਆਉਣ ਵਾਲਿਆਂ ਦੀ ਫੀਡ ਬੈਕ ਲੈਣ ਲਈ ਵੱਖਰਾ ਚਾਰਟ/ਬੋਰਡ ਆਦਿ ਲਗਾਇਆ ਜਾਵੇ।

11) ਗਣਿਤ ਮੇਲੇ ਦੌਰਾਨ ਮਹਾਨ ਗਣਿਤਕਾਰਾਂ ਦੇ ਪੋਸਟਰ, ਕੁਟੇਸ਼ਨਾਂ, ਕਿਰਿਆਵਾਂ ਨਾਲ ਸਬੰਧਤ ਚਾਰਟ ਆਦਿ ਦਾ ਵੀ ਪ੍ਰਦਰਸ਼ਨ ਕੀਤਾ ਜਾਵੇ।

12) ਗਣਿਤ ਮੇਲੇ ਦੌਰਾਨ ਬਣੇ ਮਾਡਲ/ਕਿਰਿਆਵਾਂ ਗਣਿਤ ਮੇਲੇ ਤੋਂ ਬਾਅਦ ਸਕੂਲ ਵਿੱਚ ਮੌਜੂਦ ਗਣਿਤ ਕਾਰਨਰ/ਲੈਬ ਵਿੱਚ ਰੱਖੀਆਂ ਜਾਣ। ਇਹ ਵੀ ਦੱਸਣਾ ਉਚਿਤ ਹੋਵੇਗਾ ਕਿ ਸਕੂਲ ਵਿੱਚ ਗਣਿਤ ਲੈਬ ਜਾਂ

ਕਾਰਨਰ ਵਿੱਚ ਪਹਿਲਾਂ ਮੌਜੂਦ ਕਿਰਿਆਵਾਂ/ਮਾਡਲਾਂ ਦਾ ਵੀ ਗਣਿਤ ਮੇਲੇ ਵਿੱਚ ਪ੍ਰਦਰਸ਼ਨ ਕੀਤਾ ਜਾਵੇ ਤਾਂ ਜੋ ਗਣਿਤ ਲੈਬ/ਕਾਰਨਰ ਵੀ ਅਪਡੇਟ ਹੋ ਸਕਣ।

13) ਗਣਿਤ ਮੇਲੇ ਦੀ ਪ੍ਰੀ-ਫੇਅਰ ਅਤੇ ਗਣਿਤ ਮੇਲੇ ਵਾਲੇ ਦਿਨਾਂ ਲਈ ਸਬੰਧਤ ਡੀ.ਐਮ./ਬੀ.ਐਮ. ਆਪਣਾ ਰੂਟ ਪਲਾਨ ਤਿਆਰ ਕਰਕੇ ਸਬੰਧਤ ਡਾਇਟ ਪ੍ਰਿੰਸੀਪਲ ਤੋਂ ਪ੍ਰਵਾਨ ਕਰਵਾਉਣ। ਰੂਟ ਪਲਾਨ ਇਸ ਤਰ੍ਹਾਂ ਤਿਆਰ ਕੀਤਾ ਜਾਵੇ ਕਿ ਸਬੰਧਤ ਡੀ.ਐਮ. ਜਾਂ ਬੀ.ਐਮ. ਲਾਜਮੀ ਤੌਰ ਤੇ ਹਰ ਇਕ ਸਕੂਲ ਨੂੰ ਗਣਿਤ ਮੇਲੇ ਲਈ ਘੱਟ ਤੋਂ ਘੱਟ ਇੱਕ ਵਾਰ ਜਾ ਕੇ ਪ੍ਰੀ-ਫੇਅਰ ਅਤੇ ਗਣਿਤ ਮੇਲੇ ਦੀ ਤਿਆਰ ਲਈ ਗਾਈਡ ਕਰ ਸਕਣ।

14) ਵਿਦਿਆਰਥੀਆਂ ਦਾ ਗਣਿਤ ਵਿਸ਼ੇ ਦਾ ਬੇਸਲਾਈਨ, ਗਣਿਤ ਮੇਲੇ ਤੋਂ ਬਾਅਦ ਕਰਵਾਇਆ ਜਾਵੇਗਾ। ਜਿਸ ਲਈ ਹੈੱਡ ਆਫਿਸ ਵਲੋਂ ਸਮਾਂ ਅਤੇ ਮਿਤੀ ਬਾਰੇ ਜਲਦ ਹੀ ਸੂਚਿਤ ਕੀਤਾ ਜਾਵੇਗਾ।

15) ਸਮੂਹ ਪ੍ਰਿੰਸੀਪਲਜ਼ ਡਾਇਟ, ਡਾਇਟ ਮੈਥ ਫੈਕਲਟੀ ਅਤੇ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਵੱਖ-ਵੱਖ ਸਕੂਲਾਂ ਵਿੱਚ ਕਰਵਾਏ ਜਾ ਰਹੇ ਗਣਿਤ ਮੇਲਿਆਂ ਦੀ ਮੋਨਿਟਰਿੰਗ ਕਰਨ ਅਤੇ ਗਣਿਤ ਮੇਲੇ ਵਿੱਚ ਪਹੁੰਚ ਕੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਹੌਸਲਾ ਅਫਜਾਈ ਕਰਨ।

**ਡਾਇਰੈਕਟਰ ਐਸ.ਸੀ.ਈ.ਆਰ.ਟੀ,**
**ਪੰਜਾਬ**

**ਪਿੱਠ ਅੰਕਣ ਨੰ: ਸਸਅ/ਕੁਆਲਟੀ/2017/** **ਮਿਤੀ :**

ਉਪਰੋਕਤ ਦਾ ਉਤਾਰਾ ਡਾਇਰੈਕਟਰ, ਜਨਰਲ ਸਕੂਲ ਸਿੱਖਿਆ ਪੰਜਾਬ ਅਤੇ ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿੱ) ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

**ਡਾਇਰੈਕਟਰ ਐਸ.ਸੀ.ਈ.ਆਰ.ਟੀ,**
**ਪੰਜਾਬ**